


# ਸਾਕਾ ਨੀਲਾ ਤਾਰਾ ਪ੍ਰਭਾਵ, ਸਬਕ ਤੇ ਚੁਣੌਤੀਆਂ

ਧਰਤੀ ਦਾ ਸਫ਼ਰ ਜੂਨ ਮਹੀਨੇ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਸਾਡੇ ਪੈਰਾਂ ਹੇਠਲੀ ਮਿੱਟੀ ਅੰਗਿਆਰ ਵਾਂਗ ਮਹਿਸੂਸ ਹੁੰਦੀ ਹੈ। ਤੱਤੀਆਂ ਹਵਾਵਾਂ ਹਰੇ ਕਚੂਰ ਪੱਤਿਆਂ ਨੂੰ ਬੱਚੇ ਦੀ ਬੰਦ-ਮੁੱਠੀ ਵਾਂਗ ਬਣਾ ਰਹੀਆਂ ਹਨ। ਕਿਰਤੀ ਚੇਹਰੇ ਇਨ੍ਹਾਂ ਹਵਾਵਾਂ ਨਾਲ ਲੂਸੇ ਚੇਹਰਿਆਂ ਨੂੰ ਸਿਰ 'ਤੇ ਬੰਨ੍ਹੇ ਪਰਨੇ ਦੇ ਲੜ ਭਿਉਂ ਕੇ ਔਰਤਾਂ ਚੁੰਨੀਆਂ ਦੀ ਕੰਨੀ ਭਿਉਂ ਕੇ ਤਰ ਕਰ ਰਹੀਆਂ ਹਨ। ਅਸੀਂ ਇਸ ਨੂੰ ਆਮ ਵਰਤਾਰਾਂ ਸਮਝ ਕੇ ਆਪਣੇ-ਆਪ ਨੂੰ ਜ਼ਿੰਦਗੀ ਦੇ ਰੁਝੇਵਿਆਂ 'ਚ ਸਮੇਟ ਲੈਂਦੇ ਹਾਂ। ਇਹ ਸਾਡਾ ਬਾਹਰੀ ਵਰਤਾਰਾ ਹੈ। ਪਰ ਸਾਡੇ ਵਜੂਦ ਅੰਦਰਲੀ ਸੰਵੇਦਨਸ਼ੀਲਤਾ, ਵਿਚਲਾ ਅੰਤਰਮੁਖੀ ਸਫ਼ਰ ਸਾਡੇ ਸਾਹਮਣੇ ਕਈ ਚਿਤਰਪਟ ਖੋਹਲਦਾ ਹੈ। ਕੁਝ ਵਿਚਾਰ ਯਾਦਾਂ, ਸਾਨੂੰ ਚੋਭਾਂ ਮਾਰਦੀਆਂ ਹਨ। ਜਦੋਂ ਨਰਮ ਗੱਦਿਆਂ ਤੇ ਤੁਰਦਿਆਂ ਵੀ ਪੈਰਾਂ ਹੇਠ ਕੰਡੇ ਚੁੱਭਦੇ ਮਹਿਸੂਸ ਹੁੰਦੇ ਹਨ। ਕਦੇ ਠੰਡੇ ਮੌਸਮਾਂ ਵਿਚ ਵੀ ਸੇਕ ਮਾਰਦਾ ਹੈ।ਆਹ ਜੂਨ ਮਹੀਨੇ ਦੀ ਤਪਦੀ ਲੋਅ ਵਿਚ ਵੀ ਸਾਡੇ ਵਜੂਦ 'ਚ ਝਰਨਾਹਟ ਛਿੜ ਜਾਂਦੀ ਹੈ। ਜਦੋਂ ਇਤਿਹਾਸ ਦੇ ਪੰਨਿਆਂ ਤੋਂ ਪ੍ਰਕਾਸ਼ ਦੀ ਰਫ਼ਤਾਰ ਵਾਂਗ ਸਾਡੀ ਸੋਚ 1606 ਈਸਵੀਂ ਦੀ ਦਹਿਲੀਜ਼ 'ਤੇ ਮਹਿਸੂਸ ਕਰਦੀ ਹੈ।ਜਦੋਂ ਇਹ ਧਰਤੀ ਆਪਣੇ ਇਸੇ ਗ੍ਰਹਿ ਪੰਧ ਵਿਚੋਂ ਲੰਘ ਰਹੀ ਸੀ। ਪੈਰਾਂ ਹੇਠਲੀ ਰੇਤ ਅੰਗਿਆਰਾਂ ਦੇ ਸੇਕ ਨਾਲ ਬਗਲਗੀਰ ਹੋ ਰਹੀ ਹੈ।ਹਕੂਮਤ ਦਾ ਜ਼ਬਰੋਂ ਸਿਤਮ ਅਵਾਮ ਨੂੰ ਸੂਰਜ ਦੀਆਂ ਗਰਮ ਸਲਾਖਾਂ ਵਰਗੀਆਂ ਕਿਰਨਾਂ ਵਾਂਗ, ਮਾਨਸਿਕਤਾ ਦੇ ਪਿੰਡੇ ਨੂੰ ਵਲੂੰਧਰ ਰਿਹਾ ਸੀ। ਇਸ ਜ਼ਬਰੋ-ਸਿਤਮ ਦੀ ਉਸ ਸਮੇਂ ਇੰਤਹਾ ਹੋ ਗਈ ਜਦ ਸ੍ਰੀ ਗੁਰੂ ਅਰਜਨ ਦੇਵੀ ਜੀ ਨੇ ਇਸ ਸ਼ਹਾਦਤ ਤੋਂ 240 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵੀ ਜੀ ਦੇ ਫਲਸਫੇ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਦੀ ਮਿਸਾਲ ਕਾਇਮ ਕੀਤੀ। ਦਿੱਲੀ ਸਲਤਨਤ ਦੀ ਤੰਗਦਿਲੀ ਦੀ ਲੋਹ, ਤਵੀ ਤੇ ਸਬਰ ਸਿਰੜ ਦੀ ਮੂਰਤ ਬਣ ਸ਼ਾਂਤ-ਚਿੱਤ ਬੈਠ ਗਏ। ਸਿਰ ਉੱਪਰ ਪਾਈ ਜਾ ਰਹੀ ਤੱਤੀ ਰੇਤ ਹਕੂਮਤਾਂ ਦੇ ਸਿਰ ਦ ਭੁੱਬਲ ਬਣ ਕੇ ਇਤਿਹਾਸ ਦੇ ਪੰਨਿਆਂ 'ਚ ਸਮਾਂ ਗਈ। ਗੁਲਾਬ ਦੇ ਸੂਹੇ ਫੁੱਲ ਨੂੰ ਅੱਗ 'ਚ ਸੜਨ ਵਾਲੀ ਮੂਰਖਤਾ ਵਾਂਗ ਇਹ ਬੇਵਕੂਫੀ ਹਕੂਮਤਾਂ ਦੇ ਕਿਰਦਾਰ ਵਿਚ ਦਰਜ ਹੋ ਗਈ। ਜਿਨ੍ਹਾਂ ਧਰਮਾਂ ਦੇ ਪੈਰੋਕਾਰ ਕਿਸੇ ਅਦਿੱਖ ਰੱਬ ਨੂੰ ਖੁਸ਼ ਕਰਨ ਲਈ 'ਹੂਰਾਂ' ਮਿਲਣ ਦਾ ਭਰਮ ਪਾਲਦੇ ਹਨ। ਇਤਿਹਾਸ ਨੇ ਭਵਿੱਖ ਵਿਚ ਉਨ੍ਹਾਂ ਲਈ ਮਜ਼ਲੂਮ ਹੱਥਾਂ 'ਚ ਤਾਕਤ ਭਰਕੇ ਹਕੂਮਤਾਂ ਦੇ ਮੂੰਹ ਤੇ 'ਹੂਰੇ' ਵਿਚ ਬਦਲ ਦਿੱਤਾ। ਇਤਿਹਾਸ ਨੇ ਵਕਤ ਦੀ ਦਹਿਲੀਜ਼ ਤੇ ਗੁਰੂ ਨਾਨਕ ਦੇਵ ਜੀ ਦੀ ਲਲਕਾਰਰ ਨੂੰ ਫੇਰ ਬੁਲੰਦ ਕੀਤਾ :

**ਕਲਿ ਕਾਤੀ ਰਾਜੇ ਕਾ ਸਾਈ**
**ਧਰਮੁ ਪੰਖ ਕਰ ਉਡਰਿਆ॥**
**ਕੂੜ ਅਮਾਵਸ ਸਚੁ ਚੰਦ੍ਰਮਾ**
**ਦੀਸੇ ਨਾਹੀ ਕਹਿ ਚੜਿਆ॥**

**ਜੇ ਸਕਤਾ ਸਕਤੇ ਕਉ ਮਾਰੇ**
**ਤਾ ਮਨਿ ਰੋਸੁ ਨਾ ਹੋਈ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥**
**ਰਤਨ ਵਿਗਾੜਿ ਵਿਗੋਏ ਕੁਤੀ**
**ਮੁਇਆ ਸਾਰਨ ਕਾਈ॥**

ਇਹ ਉਹ ਇਤਿਹਾਸ ਮੰਜਰ ਸੀ ਜੋ ਇਨ੍ਹਾਂ ਮਹੀਨਿਆਂ 'ਚ ਵਰਤਿਆ। ਵਕਤ ਦਾ ਪਹੀਆ ਅਗਾਂਹ ਸਰਕਿਆ।ਇਸ ਸ਼ਹਾਦ ਨੇ ਮੀਰੀ-ਪੀਰੀ ਦੀਆਂ ਤੇਗਾਂ ਨੂੰ ਸ਼ਕਤੀ ਵਿਚ ਬਦਲਿਆ। ਮਜ਼ਲੂਮਾਂ ਦੀਆਂ ਨਿਤਾਣਿਆਂ ਬਾਹਾਂ ਨੂੰ ਹੂਰੇ ਵਿਚ ਬਦਲਣ ਲਈ ਜੁਅੱਰਤ ਸ਼ਕਤੀ ਨੇ ਸੰਚਾਰ ਕੀਤਾ।ਇਸ ਸ਼ਹਾਦਤ ਵਿਚੋਂ ਦਿੱਲੀ ਦੇ ਹਕੂਮਤੀ ਤਖ਼ਤ ਨਾਲ ਟੱਕਰ ਲੈਣ ਲਈ 'ਅਕਾਲ ਤਖ਼ਤ' ਦੀ ਹਸਤੀ ਦੀ ਸਿਰਜਣਾ ਕੀਤੀ ਗਈ। ਸੋਨੇ ਦੇ ਕੁਠਾਲੀ ਵਿਚ ਪੈਣ ਵਾਂਗ ਗੁਰੂ ਸਾਹਿਬ ਦਾ ਫਲਸਫਾ ਵਕਤ ਦੀ ਕੁਠਾਲੀ ਵਿਚ ਪੈ ਕੇ ਕੁੰਦਨ ਬਣਦਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹਾਦਤ ਤੋਂ ਪੂਰੀ ਇਕ ਸਦੀ 1706 ਈਸਵੀ ਤੱਕ ਇਹ ਫਲਸਫਾ ਚਾਂਦਨੀ ਚੌਕ ਵਿਚ ਦਿੱਲੀ ਸਲਤਨਤ ਦੇ ਮੂੰਹ 'ਤੇ ਇਕ ਵਾਰ ਫਿਰ ਕਾਲਖ ਫੇਰਦਾ ਹੋਇਆ ਚਮਕੌਰ ਦੀ ਕੱਚੀ ਗੜੀ ਵਿਚ ਇੱਟਾਂ ਨੂੰ ਸ਼ਹਾਦਤਾਂ ਦੇ ਲਹੂ ਦੇ ਚੂਨੇ ਦੀ ਪਕਿਆਈ ਨਾਲ ਮਜ਼ਬੂਤੀ ਪ੍ਰਦਾਨ ਕਰਦਾ ਹੋਇਆ ਸਰਹੰਦ ਦੀਆਂ ਕੰਧਾਂ ਰਾਹੀਂ ਹਕੂਮਤ ਦੀਆਂ ਜੜ੍ਹਾਂ 'ਚ ਬਾਰੂਦ ਭਰ ਉਨ੍ਹਾਂ ਦੀ ਤਬਾਹੀ ਦਾ ਪਰਵਾਨਾ ਲਿਖ ਗਿਆ। ਇਨ੍ਹਾਂ ਸੰਘਰਸ਼ਾਂ ਤੇ ਸੰਗਰਾਮਾਂ ਦਾ ਆਧਾਰ ਗੁਰੂ ਸਾਹਿਬਾਨਾਂ ਦਾ ਫਲਸਫਾ ਤੇ ਅਕਾਲ ਤਖ਼ਤ ਸ਼ਕਤੀ ਸਰੋਤ ਰਿਹਾ।

'ਦਸਤਕ ' ਦੇ ਪਾਠਕੋ, ਜਦ ਤੁਸੀਂ ਰੋਜ਼ੀ-ਰੋਟੀ ਲਈ, ਕਿਰਤ ਖਾਤਰ ਭੱਜ-ਨੱਠ ਵਿਚੋਂ ਘਰ ਆ ਕੇ ਆਪਣੇ ਪ੍ਰਵਾਸੀ ਆਲ੍ਹਣੇ ਫੁਰਸਤ ਦੇ ਸਮੇਂ ਕੁਰਸੀ, ਸੋਫੇ ਜਾਂ ਬੈੱਡ 'ਤੇ ਅੱਖਾਂ ਬੰਦ ਕਰ ਬੈਠਦੇ ਹੋਵੇਗੇ ਤਾਂ ਇਤਿਹਾਸਕ ਵਿਰਾਸਤ ਦੇ ਇਹ ਅਹਿਸੂਸ ਤੁਹਾਡੇ ਨਾਲ ਅੰਦਰ ਸਫ਼ਰ ਕਰਦੇ ਹੋਣਗੇ। ਹੋ ਸਕਦੈ ਕਿ ਨਵੀਂ ਪੀੜ੍ਹੀ 'ਟੀਨਏਜਰ' ਇਸ ਇਤਿਹਾਸਕ ਗਿਆਨ ਤੋਂ ਕੋਰੀ ਹੋਵੇ। ਪਰ ਅੱਧੀ ਸਦੀ ਜ਼ਿੰਦਗੀ ਬਿਤਾ ਚੁਕੇ ਇਸ ਮਿੱਟੀ ਦੇ ਜਾਇਆ ਦੇ ਮਨਾਂ ਵਿਚ ਇਨ੍ਹਾਂ ਇਤਿਹਾਸਕ ਦੇ ਵਿਰਾਸਤੀ ਅਹਿਸੂਸ ਜ਼ਰੂਰ ਦਸਤਕ ਦਿੰਦੇ ਹੋਣਗੇ। ਸਿਰਫ ਇਹੀ ਨਹੀਂ ਅੱਜ ਤੋਂ 24 ਸਾਲ ਪਹਿਲਾਂ ਜਦ ਧਰਤੀ ਆਪਦੇ ਗ੍ਰਹਿ ਪੰਧ ਨੂੰ ਸਮੇਟਦੀ ਹੋਈ ਇਨ੍ਹਾਂ ਹੀ ਮਹੀਨਿਆਂ ਵਿਚੋਂ ਦੀ ਲੰਘ ਰਹੀ ਸੀ। ਜਦ ਤੱਤੀਆਂ ਲੋਆਂ ਵਿਚ ਗੋਲੀਆਂ ਦੀ, ਬਾਰੂਦ ਦੀ, ਟੈਂਕਾਂ ਦੇ ਧੂੰਏ ਦੀ ਕੁੜੱਤਣ ਭਰ ਗਈ ਸੀ।ਦਿੱਲੀ ਦੀ ਸਲਨਤਨ ਨੇ ਆਪਣੇ ਸਦੀਆਂ ਪੁਰਾਣੇ ਕਿਰਦਾਰ ਵਾਂਗ ਆਪਣੇ ਚਿਹਰੇ ਦੇ ਇਤਿਹਾਸ ਕਾਲਖ ਦੀ ਇਕ ਪਰਤ ਹੋ ਪੋਤ ਲਈ ਸੀ। ਉਸ ਸੇਂ ਤੁਹਾਡੀ ਜਵਾਨੀ ਨੇ, ਤੁਹਾਡੇ ਜਵਾਨ ਖ਼ੂਨ ਨੇ ਕਿੰਨੀਆਂ ਕੁ ਕਰਵਟਾਂ ਲਈਆਂ ਹੋਣਗੀਆਂ। ਉਸ ਦਾ ਜ਼ਿਕਰ ਤੁਸੀਂ ਗਾਹੇ ਵਗਾਹੇ ਆਪਦੇ ਮਨ ਅੰਦਰ ਮਹਿਸੂਸ ਕੀਤਾ ਹੋਵੇਗਾ ਅਤੇ ਆਪਣੇ ਚੇਤਿਆਂ ਵਿਚ ਫਸੇ ਇਸ ਦੁਖਾਂਤਕ ਮੰਜਰ ਦਾ ਅਹਿਸਾਸਨੁਮਾ ਜ਼ਿਕਰ ਆਪਣੇ ਬੱਚਿਆਂ ਸੰਗ ਜ਼ਰੂਰ ਸਾਂਝਾ ਹੋਵੇਗਾ। ਇਝ ਵਿਦੇਸ਼ਾਂ 'ਚ ਤੁਹਾਡੇ ਸੰਗ ਰਹਿ ਰਹੀ ਟੀਨ-ਏਜਰ ਪੀੜ੍ਹੀ ਤੁਹਾਡੇ ਸੁਣਾਏ ਬਿਰਤਾਂਤ ਰਾਹੀਂ ਜਾਂ ਕਿਤਾਬਾਂ ਰਾਹੀਂ ਜਾਂ ਉਸ ਸਮੇਂ ਦੀਆਂ ਡਾਕੂਮੈਂਟਰੀਆਂ ਫ਼ਿਲਮਾਂ ਰਾਹੀਂ ਇਸ ਇਤਿਹਾਸਿਕ ਦੁਖਾਂਤ ਤੋਂ ਜਾਣੂੰ ਹੋਈ ਹੋਵੇਗੀ।ਇਹ ਉਸ ਸਮੇਂ ਵਾਪਰਿਆਂ ਜਦੋਂ 1947 ਈਸਵੀ ਦੀ 'ਕਾਨੂੰਨ ਦਾ ਰਾਜ' ਸਵਾ ਚੌਤੀ ਸਾਲ ਦੀ ਉਮਰ ਤੇ ਲੋਕਤੰਤਰ ਦੇ ਨਾਂਅ 'ਤੇ ਹੋਈਆਂ ਪਹਿਲੀਆਂ ਚੋਣਾਂ ਹੋਈਆਂ, 32 ਸਾਲ ਹੋ ਚੁੱਕੇ ਸਨ। 1947 ਦੇ ਦੁਖਾਂਤ ਤੋਂ ਬਾਅਦ ਲੋਕਾਂ ਨੇ ਵਿਸ਼ਵਾਸ ਨਾਲ ਇਹ ਦੂਸਰਾ ਵੱਡਾ ਧੋਖਾ ਸੀ। ਪੰਜਾਬ ਦੀ ਧਰਤੀ ਤੇ ਵੀਹਦੀ ਸਦੀ ਦਾ ਦੂਸਰਾ ਵੱਡਾ ਘੱਲੂਘਾਰਾ ਸੀ। ਲੀਡਰਾਂ ਵੱਲੋਂ ਲੋਕਤੰਤਰ ਭਾਰਤ ਦੀ ਬੁਨਿਆਦ ਰੱਖਣ ਵੇਲੇ ਅਤੇ ਫਿਰ ਲੋਕਤੰਤਰ ਨੂੰ (ਉਨ੍ਹਾਂ ਦੀ ਜ਼ੁਬਾਨੀ) ਕਾਇਮ ਰੱਖਣ ਲਈ ਨਿਰਦੋਸ਼ ਮਨੁੱਖਤਾ ਦਾ ਕੀਤਾ ਕਤਲੇਆਮ ਇਤਿਹਾਸ ਨੂੰ ਹਾਜ਼ਮ ਨਹੀਂ ਹੋਇਆ। ਸਗੋਂ ਇਤਿਹਾਸ ਦੇ ਮਿਹਦੇ ਦਾ ਅਲਸਰ ਬਣ ਗਿਆ ਹੈ।

**ਪਾਪ ਕੀ ਜੰਞ ਲੈ ਕਾਬ ਲਹੁ ਧਾਇਆ,**
**ਜੋਰੀ ਮੰਗੈ ਦਾਨੁ ਵੇ ਲਾਲੋ॥**
**ਸਰਮੁ ਧਰਮੁ ਦੁਇ ਛਪਿ ਖਲੋਏ**
**ਕੂੜ ਫਿਰੈ ਪਰਧਾਨ ਵੇ ਲਾਲੋ॥**

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਬਾਬਰ ਵਾਣੀ'' ਅਨੁਸਾਰ ਪਾਪ ਦੀ ਜੰਞ ਕਾਬਲੋਂ ਆਈ ਸੀ ਪਰ 1606 ਈਸਵੀ ਦੀ ਪਹਿਲੀ ਸ਼ਹਾਦਤ ਤੋਂ ਲੈ ਕੇ ਹੁਣ ਜੋ ਸ਼ਹਾਦਤਾਂ ਹੋਈਆਂ ਮਨੁੱਖਤਾਂ ਦਾ ਖ਼ੂਨ ਡੋਲਣ ਵਾਲੀਆਂ ਉਹ ਤਲਵਾਰਾਂ, ਉਹ ਰੱਥ, ਉਹ ਫੌਜਾਂ, ਤੋਪਾਂ, ਟੈਂਕਾਂ, ਬਰੂਦ, ਬੰਦੂਕਾਂ ਕਾਬਲ ਤੋਂ ਨਹੀਂ ਦਿੱਲੀ ਤੋਂ ਆਈਆਂ ਸਨ। ਗੁਰੂ ਸਾਹਿਬਾ ਦੇ ਫ਼ਲਸਫੇ ਨੂੰ, ਗੁਰੂ ਸਾਹਿਬਾਨਾਂ ਨੂੰ ਸਰੀਰਕ ਤੇ ਮਾਨਸਿਕ ਕਸ਼ਟ ਦੇਣ ਵਾਲੇ ਤਾਂ ਵਿਦੇਸ਼ੀ ਸਨ ਜਿੰਨਾਂ ਦੀ ਸਾਡੇ ਨਾਲ ਕੋਈ ਸਾਂਝ ਨਹੀਂ ਸੀ। ਉਨ੍ਹਾਂ ਤੋਂ ਬਾਅਦ ਪੁਰਤਗਾਲੀ ਆਏ, ਡੱਚ ਆਏ, ਅੰਗਰੇਜ਼ ਆਏ। ਉਨ੍ਹਾਂ ਸਾਡੀ ਲੁੱਟ ਕੀਤੀ।ਉਹ ਤਾਂ? ਵਿਦੇਸ਼ੀ ਸਨ ਪਰ 1947 'ਚ ਹੋਏ ਕਤਲੇਆਮ ਤੇ 1984 'ਚ ਸਾਕਾ ਨੀਲਾ ਤਾਰਾ ਦੇ ਨਾਂਅ ਹੇਠ ਕਤਲੇਆਮ ਕਰਨ ਵਾਲੇ ਤਾਂ ਸਾਡੇ ਆਪਣੇ ਹੀ ਸਨ। ਇਸ ਕਰਕੇ ਸਾਕਾ ਨੀਲ ਤਾਰਾ ਸਾਡੇ ਚੇਤਿਆਂ ਦਾ ਨਾਸੂਰ ਹੈ। ਇਸ ਬਾਰ ਬੜਾ ਕੁਝ ਲਿਖਿਆ ਗਿਆ। ਸਾਡਾ ਮਕਸਦ ਪੁਰਾਣੇ ਜ਼ਖਮਾਂ ਨੂੰ ਉਚੇੜਨਾ ਨਹੀਂ ਹੈ ਪਰ ਜਿਵੇਂ ਪੁਰੇ ਦੀ ਵਾ ਪੁਰਾਣੀਆਂ ਸੱਟਾਂ ਦੀ ਰੜਕ ਨੂੰ ਮਹਿਸੂਸ ਕਰਵਾਉਂਦੀ ਹੈ। ਉਸੇ ਤਰ੍ਹਾਂ ਇਸ ਰੁੱਤੇ ਤੱਤੀਆਂ ਲੋਆਂ ਵਗਦੀਆਂ ਹਨ ਤਾਂ ਇਹ ਤੱਤੀਆਂ ਹਵਾਵਾਂ 'ਚ ਇਤਿਹਾਸ ਦੇ ਖੂਨੀ ਪੱਤਰਿਆਂ ਦੀ ਖੜ-ਖੜ ਕੰਨੀ ਪੈਂਦੀ ਹੈ ਤਾਂ ਸਭ ਕੁਝ ਅੱਖਾਂ ਮੂਹਰੇ ਰੂਪਵਾਨ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਅਹਿਮਦ ਸ਼ਾਹ ਅਬਦਾਲੀ ਵਾਂਗ ਇਸ ਖਿੱਤੇ ਦੀ ਵਿਰਾਸਤ ਨੂੰ (ਸਾਡੇ ਆਪਣੇ ਹੁਕਮਰਾਨਾ ਨੇ, ਸਾਡੀ ਆਪਣੀ ਰਾਖੀ ਲਈ ਬਣਾਈਆਂ ਫੌਜਾਂ ਨੇ) ਅਬਦਾਲੀ ਵਾਂਗ ਰੋਲ੍ਹਿਆ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ 'ਤੇ ਆਏ ਨਿਰਦੋਸ਼ ਆਦਮੀ, ਔਰਤਾਂ ਤੇ ਬੱਚਿਆਂ 'ਤੇ ਹੱਥ ਗੋਲੇ ਸੁੱਟ ਕੇ ਪਤਾ ਨਹੀਂ ਕਿਹੜੇ ਗੁਨਾਹਾਂ ਦੀ ਸਜ਼ਾ ਦਿੱਤੀ ਗਈ? 24 ਸਾਲ ਬੀਤਣ 'ਤੇ ਇਸ ਸਵਾਲ ਦਾ ਜਵਾਬ ਅਜੇ ਤੱਕ ਨਹੀਂ ਮਿਲਿਆ। ਵਕਤ ਨੇ ਫਿਰ ਗੁਰੂ ਨਾਨਕ ਦੇਵ ਜੀ ਦੇ ਬੋਲਾਂ ਰਾਹੀਂ ਫਿਰ ਡਾਹਢੇ ਨੂੰ ਨਿਹੋਰਾ ਮਾਰਿਆ। ਇਹ ਨਿਹੋਰਾ ਨਵੰਬਰ 1984 ਵਿਚ ਵੀ ਓਨੀ ਅਹਿਮੀਅਤ ਰੱਖਦਾ ਸੀ ਕਿਉਂਕਿ 1984 ਵਿਚ ਬਿਨਾਂ ਕਿਸੇ ਕਸੂਰ ਦੇ ਮਾਨਵਤਾ ਨੂੰ ਕੋਹਿਆ ਗਿਆ ਉਹ ਕਿਸੇ ਬਾਬਰ ਵਰਗੇ ਵਿਦੇਸ਼ੀ ਦੇ ਕਤੇਲਆਮ ਤੋਂ ਕਿਤੇ ਵੱਧ ਸ਼ਰਮਨਾਕ ਸੀ।

**''ਏਤੀ ਮਾਰ ਪਈ ਕਰਲਾਵੈ**
**ਤੈਂ ਕੀ ਦਰਦੁ ਨਾ ਆਇਆ॥**
**''ਜਾਤਿ ਸਤਾਨੀ ਹੋਰਿਰ ਹਿਦਵਾਵੀਆ,**
**ਏਹਿ ਭੀ ਲੇਖੇ ਲਾਇਨ ਵੇ ਲਾਲੋ॥**
**ਖੂਨ ਕੇ ਸੋਹਲੇ ਗਾਵੀਅਹੁ ਨਾਨਕ**
**ਰਤੁ ਕਾ ਕੰਗੂ ਪਾਇਆ ਵੇ ਲਾਲੋ॥**

ਇਸ ਖਿੱਤੇ ਦੇ ਲੀਡਰ ਲਹੂ ਭਿੱਜੀ ਪਰਕਰਮਾ ਵਿਚੋਂ ਮਨੁੱਖੀ ਲਹੂ ਤੇ ਮਿਝ ਤੋਂ ਦੀ ਹੁੰਦੇ ਹੋਏ। ਮਲਬਾ ਬਣਏ ਅਕਾਲ ਤਖ਼ਤ ਸਾਹਿਬ ਦੀਆਂ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਇੱਟਾਂ ਨੂੰ ਪੈਰਾਂ ਹੇਠ ਲਿਤਾੜਦੇ ਹੋਏ ਬਾਹਾਂ ਖੜ੍ਹੀਆਂ ਕਰਕੇ ਬਾਹਰ ਆਏ ਜਿੰਨਾਂ ਸਰਬੰਸਦਾਨੀ ਦੀ ਕੌਮ ਨੂੰ ਵੋਟ ਮੰਗਤਿਆ ਦੀ ਕੌਮ ਬਣਾ ਧਰਿਆ। 'ਮਰਜੀਵੜੇ' ਕਹਿਣ ਵਾਲੇ ਅਕਾਲ ਤਖ਼ਤ ਦਾ ਮਲਬਾ ਬਣਾ ਰਹੀ ਫੌਜ ਦੇ ਅਫ਼ਸਰਾਂ ਨੂੰ ਸੁਰੱਖਿਅਤ ਕੱਢਣ ਲਈ ਲੇਲਹੜੀਆਂ ਲੈ ਰਹੇ ਸਨ। ਜਿੰਨਾਂ ਦਾ ਕਿਰਦਾਰ ਦਿੱਲੀ ਦੇ ਹੁਕਮਨਾਮਾਂ ਤੋਂ ਵੱਖਰਾ ਨਹੀਂ ਕਹਿ ਸਕਦੇ। ਗੁਰੂ ਸਾਹਿਬਾਨਾਂ ਨੇ ਤਾਂ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰਾ' ਦੀ ਪੰਗਤੀ ਬਦਲ ਕੇ 'ਮਿਟੀ ਬੇਈਮਾਨ ਕੀ ਪੈ ਪਈ ਕੁਮਿਆਰ' ਕਰਨ 'ਤੇ ਗੁਰੂ ਘਰ ਵਿਚੋਂ ਛੇਕ ਦਿੱਤਾ ਸੀ ਤੇ ਅਸੀਂ ਕਿਥੇ ਖੜ੍ਹੇ ਹਾਂ? ਜ਼ਰੂਰ ਸੋਚਿਓ। ਦੋ ਦਹਾਕੇ ਦਾ ਇਹ ਦੌਰ ਹੁਕਮਰਾਨਾਂ ਦੇ ਹੱਕ ਵਿਚ ਭੁਗਤਿਆ। ਇਸ ਦੌਰ ਦੌਰਾਨ ਪੰਜਾਬ ਦੀ ਆਰਥਿਕਤਾ ਦਾ ਅਫ਼ਸਰਸ਼ਾਹੀ ਨੇ ਘਾਣ ਕੀਤਾ। ਸਰਮਾਏਦਾਰੀ ਲੁੱਟ ਤੇਜ਼ ਹੋਈ। ਬਿਨਾਂ ਵਿਰੋਧ ਮਹਿੰਗਾਈ ਵਧੀ। ਇਸ ਦੌਰ ਦੌਰਾਨ ਕਿਸਾਨ, ਮਜ਼ਦੂਰ, ਮਲਜ਼ੂਮ ਲਹਿਰਾਂ ਨੂੰ ਢਾਅ ਲੱਗੀ। ਲੁਟੇਰੀ ਜਮਾਤ ਏਹੀ ਚਾਹੁੰਦੀ ਸੀ।ਸਹਿਮ ਦਾ ਇਹ ਦੌਰ ਸਰਮਾਏਦਾਰੀ ਪ੍ਰਬੰਧ ਦੇ ਹੱਕ ਵਿਚ ਤੇ ਕਿਰਤੀ ਕਿਸਾਨਾਂ ਦੇ ਉਲਟ ਭੁਗਿਆ। ਲੋਕਾਂ ਦੇ ਹਿੱਤਾਂ ਲਈ ਤਰਜਮਾਨੀ ਕਰਨ ਵਾਲੀ ਲਹਿਰ ਆਮ ਲੋਕਾਂ ਦਾ ਘਾਣ ਨਹੀਂ ਕਰਦੀ। ਪਰ ਇਸ ਦੌਰ ਦੌਰਾਨ ਸਭ ਤੋਂ ਵੱਧ ਲੋਕ ਕਤਲ ਕੀਤੇ ਗਏ। ਇਤਿਹਾਸ ਸਾਡੇ ਤੋਂ ਜਵਾਬ ਮੰਗਦਾ ਰਹੇਗਾ। ਵਕਤ ਦਾ ਪਹੀਆ ਏਥੇ ਹੀ ਨਹੀਂ ਰੁਕਿਆ। ਅਗਾਂਹ ਸਰਕਿਆ ਤੇ ਹੱਥ ਖੜ੍ਹੇ ਕਰਕੇ ਬਾਹਰ ਆਏ ''ਆਗੂਆਂ'' ਨੇ ' 'ਪੰਥ'' ਦੇ ਨਾਂਅ 'ਤੇ ਪ੍ਰਾਪਤ ਕੀਤੀਆਂ ਵੋਟਾਂ ਦਾ ਮੁੱਲ ''ਉਪ੍ਰੇਸ਼ਨ ਬਲੈਕ ਥੰਡਰ'' ਦੇ ਰੂਪ ਵਿਚ ਮੋੜਿਆ। ਉਥੋਂ ਕੀ ਮਿਲਿਆ? ਸੁਰਜੀਤ ਪੈਂਟੇ ਵਰਗਿਆ ਨੇ ਸਾਈਨਾਈਡ ਨਿਗਲਿਆ। ਮੀਡਆ ਦੇ ਕੈਮਰਿਆਂ ਨੇ ਦਰਬਾਰ ਸਾਹਿਬ ਵਿਚ ਪਏ